**ਪ੍ਰੈਸ ਨੋਟ ਮਿਤੀ 23.05.2022**

**ਹੁਸ਼ਿਆਰਪੁਰ ਪੁਲਿਸ ਵਲੋਂ ਮਿਤੀ 19.03.2022 ਨੂੰ ਮੁੱਹਲਾ ਰਵਿਦਾਸ ਨਗਰ ਹੁਸ਼ਿਆਰਪੁਰ ਤੋਂ ਅਗਵਾ ਕੀਤੇ 02 ਸਕੇ ਭੈਣ-ਭਰਾ ਹੈਦਰਾਬਾਦ ਤੋਂ ਬਰਾਮਦ।**

ਮਾਨਯੋਗ ਸ੍ਰੀ Sartaj Singh Chahal IPS, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜੀ ਵੱਲੋਂ ਗਠਿਤ ਵਿਸ਼ੇਸ ਟੀਮ ਵੱਲੋਂ ਮੁਹੱਲਾ ਰਵਿਦਾਸ ਨਗਰ ਹੁਸ਼ਿਆਰਪੁਰ ਤੋਂ ਮਿਤੀ 19.03.2022 ਨੂੰ ਲਾਪਤਾ ਹੋਏ 02 ਸਕੇ ਭੈਣ ਭਰਾ ਵਰਿੰਦਰਜੀਤ ਕੌਰ ਤੇ ਸ਼ਿਵਜੋਤ ਨੂੰ ਹੈਦਰਾਬਾਦ, ਤੇਲੰਗਾਨਾ ਤੋਂ ਬਰਾਮਦ ਕਰਕੇ ਇਹਨਾਂ ਨੂੰ ਅਗਵਾ ਕਰਨ ਵਾਲੇ ਇੱਕ ਦੋਸ਼ੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ Sartaj Singh Chahal IPS, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਨੇ ਦੱਸਿਆ ਕਿ ਮਿਤੀ 19.03.2022 ਨੂੰ ਮੁੱਹਲਾ ਰਵਿਦਾਸ ਨਗਰ, ਹੁਸ਼ਿਆਰਪੁਰ ਤੋਂ ਭੇਦ ਭਰੇ ਹਲਾਤਾਂ ਵਿੱਚ 02 ਸਕੇ ਭੈਣ ਭਰਾ ਲਾਪਤਾ ਹੋ ਗਏ ਸਨ। ਜਿਹਨਾਂ ਦੀ ਭਾਲ ਉਹਨਾਂ ਨੇ ਪਰਿਵਾਰਕ ਮੈਂਬਰਾਂ ਤੇ ਪੁਲਿਸ ਵੱਲੋਂ ਕਰਨ ਤੇ ਬੱਚੇ ਨਾ ਮਿਲਣ ਤੇ ਮੁੱਦਈ ਮੁੱਕਦਮਾ ਰੇਸ਼ਮ ਲਾਲ ਪੁੱਤਰ ਸਵਰਨ ਦਾਸ ਵਾਸੀ ਮੁੱਹਲਾ ਰਵਿਦਾਸ ਨਗਰ, ਹੁਸ਼ਿਆਰਪੁਰ ਦੇ ਬਿਆਨਾਂ ਪਰ **ਮੁੱਕਦਮਾ ਨੰਬਰ 35 ਮਿਤੀ 23.03.2022 ਅ/ਧ 346 ਭ:ਦ ਵਾਧਾ ਜੁਰਮ 365 ਭ:ਦ ਥਾਣਾ ਸਦਰ, ਹੁਸ਼ਿਆਰਪੁਰ** ਦਰਜ਼ ਰਜਿਸਟਰ ਕੀਤਾ ਗਿਆ ਸੀ। ਜਿਹਨਾਂ ਦੀ ਭਾਲ ਲਈ ਸ੍ਰੀ ਪ੍ਰੇਮ ਸਿੰਘ (P.P.S) ਉਪ ਪੁਲਿਸ ਕਪਤਾਨ ਸਿਟੀ ਅਤੇ ਇੰਸ਼ਪੈਕਟਰ ਸੁਰਜੀਤ ਸਿੰਘ ਮੁੱਖ ਅਫਸਰ ਥਾਣਾ ਸਦਰ ਨੇ ਹਰ ਪਾਸੇ ਤੋਂ ਕੇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਲਾਪਤਾ ਬੱਚਿਆ ਦੀ ਭਾਲ ਕੀਤੀ ਪਰ ਕਰੀਬ 02 ਮਹੀਨੇ ਬੀਤਣ ਦੇ ਬਾਵਜੂਦ ਬੱਚੇ ਨਾ ਮਿਲਣ ਤੇ ਇਹ ਕੇਸ ਸ੍ਰੀ ਮੁੱਖਤਿਆਰ ਰਾਏ (P.P.S) ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸ੍ਰੀ ਸਰਬਜੀਤ ਰਾਏ (P.P.S) ਉਪ-ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਤੇ ਇੰਚਾਰਜ਼ ਸੀ.ਆਈ.ਏ ਦੀ ਵਿਸ਼ੇਸ ਟੀਮ ਨੂੰ ਅਗਲੀ ਕਾਰਵਾਈ ਲਈ ਟਰਾਂਸਫਰ ਕੀਤਾ ਗਿਆ। ਜਿਹਨਾਂ ਵੱਲੋਂ ਲਾਪਤਾ ਬੱਚਿਆ ਦੀ ਭਾਲ ਲਈ ਪ੍ਰਾਪਤ ਹੋਈ ਸ਼ੋਸ਼ਲ ਮੀਡੀਆਂ ਐਨਾਲਾਇਜ਼, ਅਖਬਾਰਾਂ, ਵੱਖ-ਵੱਖ ਟੀ.ਵੀ ਚੈਨਲਾਂ ਦੀ ਸਹਾਇਤਾ ਲੈ ਕੇ ਇਹਨਾਂ ਦੀ ਗੁੰਮਸ਼ੁਦਗੀ ਸਬੰਧੀ ਇਸ਼ਤਿਹਾਰ ਜਾਰੀ ਕੀਤੇ ਅਤੇ ਇਹ ਇਸ਼ਤਿਹਾਰ ਸਰਕਾਰੀ ਤੇ ਗੈਰ ਸਰਕਾਰੀ ਪੋਰਟਲਾਂ ਪਰ ਜਾਰੀ ਕਰਵਾਏ ਤੇ ਕਾਫੀ ਜਦੋਂ ਜਹਿਦ ਕਰਕੇ ਸਾਰੇ ਐਗਲਾਂ/ ਸਾਧਨਾ ਦੀ ਵਰਤੋਂ ਕਰਕੇ ਲਾਪਤਾ ਹੋਏ ਬੱਚੇ ਵਰਿੰਦਰਜੀਤ ਕੌਰ ਤੇ ਸ਼ਿਵਜੋਤ ਦੀ ਭਾਲ ਕੀਤੀ। ਦੌਰਾਨੇ ਤਫਤੀਸ਼ ਪਾਇਆ ਗਿਆ ਕਿ ਦੋਹਾਂ ਬੱਚਿਆ ਨੂੰ ਇੱਕ ਹੈਦਰਬਾਦ, ਤੇਲੰਗਾਨਾ ਦਾ ਵਿਅਕਤੀ ਅਗਵਾ ਕਰਕੇ ਆਪਣੇ ਨਾਲ ਲੈ ਗਿਆ ਹੈ। ਜਿਸਤੇ ਸ੍ਰੀ ਕੁਲਵੰਤ ਸਿੰਘ (P.P.S) ਉਪ ਪੁਲਿਸ ਕਪਤਾਨ ਸਾਈਬਰ ਕਰਾਈਮ, ਹੁਸ਼ਿਆਰਪੁਰ ਜੀ ਦੀ ਨਿਗਰਾਨੀ ਹੇਠ ਵਿਸ਼ੇਸ਼ ਟੀਮ ਗਠਿਤ ਕਰਕੇ ਮਦੱਈ ਮੁੱਕਦਮਾ ਦੇ ਨਾਲ ਪੁਲਿਸ ਪਾਰਟੀ ਨੂੰ ਮਿਤੀ 22.05.2022 ਨੂੰ ਹੈਦਰਾਬਾਦ ਭੇਜਿਆ ਗਿਆ। ਜਿਥੇ ਪੁਲਿਸ ਪਾਰਟੀ ਨੇ ਲੋਕਲ ਪੁਲਿਸ ਨਾਲ ਰਾਬਤਾ ਕਰਕੇ ਅਗਵਾ ਹੋਏ ਦੋਹਾਂ ਬੱਚਿਆ ਨੂੰ ਬਰਾਮਦ ਕਰਕੇ **ਇੱਕ ਦੋਸ਼ੀ ਬਗਦੀ ਅੰਕਿਤ ਪੁੱਤਰ ਬਗਦੀ ਦੀਪਕ ਵਾਸੀ ਸੰਜੇ ਨਗਰ, ਜੀਆਗੁਡਾ, ਥਾਣਾ ਕੁਲਸਮਪੁਰਾ, ਹੈਦਰਬਾਦ, ਤੇਲਗੰਨਾ** ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਹੁਸ਼ਿਆਰਪੁਰ ਪੁਲਿਸ ਨੇ ਦੋਵੇਂ ਅਗਵਾ ਹੋਏ ਬੱਚਿਆ ਨੂੰ ਲੱਭ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ।

**ਦੋਸ਼ੀ ਦਾ ਨਾਮ:-** ਬਗਦੀ ਅੰਕਿਤ ਪੁੱਤਰ ਬਗਦੀ ਦੀਪਕ ਵਾਸੀ ਸੰਜੇ ਨਗਰ, ਜੀਆਗੁਡਾ, ਥਾਣਾ ਕੁਲਸਮਪੁਰਾ, ਹੈਦਰਬਾਦ, ਤੇਲਗੰਨਾ

**ਅਗਵਾ ਕੀਤੇ ਬੱਚਿਆ ਦੇ ਨਾਮ:-**

1. ਵਰਿੰਦਰਜੀਤ ਕੌਰ ਪੁੱਤਰੀ ਰੇਸ਼ਮ ਲਾਲ ਵਾਸੀ ਮੁੱਹਲਾ ਰਵਿਦਾਸ ਨਗਰ, ਹੁਸ਼ਿਆਰਪੁਰ।
2. ਸ਼ਿਵਜੋਤ ਪੁੱਤਰ ਰੇਸ਼ਮ ਲਾਲ ਵਾਸੀ ਮੁੱਹਲਾ ਰਵਿਦਾਸ ਨਗਰ, ਹੁਸ਼ਿਆਰਪੁਰ।